# ਰਿਫਿਊਜੀ ਪ੍ਰੋਟੈਕਸ਼ਨ ਡਿਵੀਜ਼ਨ, ਪੇਸ਼ੀ ਲਈ ਨੋਟਿਸ, ਅੰਤਿਕਾ ਏ

## ਕੋਵਿਡ-19 ਹੈਲਥ ਅਤੇ ਸੁਰੱਖਿਆ ਉਪਾਅ

ਇਮੀਗ੍ਰੇਸ਼ਨ ਐਂਡ ਰੀਫਿਊਜੀ ਬੋਰਡ ਆਫ ਕੈਨੇਡਾ (IRB) ਇਹ ਯਕੀਨੀ ਬਣਾ ਰਿਹਾ ਹੈ ਕਿ ਸੁਣਵਾਈ ਵਾਲੇ ਕਮਰੇ ਦੇ ਭਾਗੀਦਾਰਾਂ, ਕਰਮਚਾਰੀਆਂ ਅਤੇ ਮੁਲਾਕਾਤੀਆਂ ਦੀ ਰੱਖਿਆ ਕਰਨ ਲਈ ਕੋਵਿਡ-19 ਨਾਲ ਸਬੰਧਿਤ ਕੁਝ ਮਹੱਤਵਪੂਰਨ ਸਿਹਤ ਅਤੇ ਸੁਰੱਖਿਆ ਉਪਾਵਾਂ ਨੂੰ ਕਾਇਮ ਰੱਖਿਆ ਜਾਵੇ।

ਕਿਰਪਾ ਕਰਕੇ ਨਿਮਨਲਿਖਤ ਸੀਮਾਵਾਂ ਬਾਰੇ ਸੁਚੇਤ ਰਹੋ:

**ਦਾਅਵੇਦਾਰ:** 18 ਸਾਲ ਤੋਂ ਘੱਟ ਉਮਰ ਦੇ ਦਾਅਵੇਦਾਰਾਂ ਨੂੰ ਰਫਿਊਜੀ ਪ੍ਰੋਟੈਕਸ਼ਨ ਡਿਵੀਜ਼ਨ (RPD) ਦੀਆਂ ਸੁਣਵਾਈਆਂ ਵਿੱਚ ਹਾਜ਼ਰ ਹੋਣ ਦੀ ਲੋੜ ਨਹੀਂ ਹੁੰਦੀ ਜਦੋਂ ਤੱਕ ਆਰ ਪੀ ਡੀ (RPD) ਨੂੰ ਉਹਨਾਂ ਦੀ ਹਾਜ਼ਰੀ ਦੀ ਜ਼ਰੂਰਤ ਨਾ ਹੋਵੇ, ਹਾਲਾਂਕਿ ਜੇ ਉਹ ਅਤੇ ਉਹਨਾਂ ਦੇ ਨਿਯੁਕਤ ਪ੍ਰਤੀਨਿਧ ਦੀ ਇੱਛਾ ਹੋਵੇ ਤਾਂ ਉਹ ਹਾਜ਼ਰ ਹੋ ਸਕਦੇ ਹਨ। ਆਰ ਪੀ ਡੀ (RPD) ਇਹ ਯਕੀਨੀ ਬਣਾਉਣ ਲਈ ਸੁਣਵਾਈਆਂ ਦੀ ਸਮਾਂ-ਸਾਰਣੀ ਬਣਾਉਂਦੀ ਹੈ ਕਿ ਸਰੀਰਕ ਦੂਰੀ ਦੀਆਂ ਲੋੜਾਂ ਦੀ ਪੂਰਤੀ ਕੀਤੀ ਜਾਵੇ ਅਤੇ ਸੁਣਵਾਈ ਵਿੱਚ ਭਾਗੀਦਾਰਾਂ ਦੀ ਸੰਖਿਆ ਸੀਮਤ ਰਹੇ। ਜੇ ਤੁਸੀਂ ਕਿਸੇ ਅਜਿਹੇ ਦਾਅਵੇਦਾਰ ਨੂੰ ਨਾਲ ਲਿਆਉਣ ਦਾ ਇਰਾਦਾ ਰੱਖਦੇ ਹੋ ਜੋ 18 ਸਾਲ ਤੋਂ ਘੱਟ ਉਮਰ ਦਾ ਹੈ ਤਾਂ ਕਿਰਪਾ ਕਰਕੇ ਆਪਣੀ ਸੁਣਵਾਈ ਦੀ ਤਾਰੀਖ਼ ਤੋਂ ਘੱਟੋ ਘੱਟ 10 ਦਿਨ ਪਹਿਲਾਂ ਲਿਖਤੀ ਰੂਪ ਵਿੱਚ ਆਰ ਪੀ ਡੀ (RPD) ਨੂੰ ਸੂਚਿਤ ਕਰੋ (ਸੰਪਰਕ ਜਾਣਕਾਰੀ ਪੇਸ਼ੀ ਬਾਰੇ ਨੋਟਿਸ ਵਿੱਚ ਪਾਈ ਗਈ ਹੈ)।

**ਨਿਰੀਖਕ**: ਜੇ ਤੁਹਾਡੇ ਨਾਲ (ਉਦਾਹਰਨ ਲਈ ਭਾਵਨਾਤਮਕ ਸਹਾਇਤਾ ਲਈ) ਕੋਈ ਨਿਰੀਖਕ ਆਵੇਗਾ ਤਾਂ ਕਿਰਪਾ ਕਰਕੇ ਆਪਣੀ ਸੁਣਵਾਈ ਦੀ ਤਾਰੀਖ ਤੋਂ ਘੱਟੋ ਘੱਟ 10 ਦਿਨ ਪਹਿਲਾਂ ਆਰ ਪੀ ਡੀ ਨੂੰ ਲਿਖਤੀ ਰੂਪ ਵਿੱਚ ਸੂਚਿਤ ਕਰੋ।

**ਗਵਾਹ**: ਤੁਸੀਂ ਆਪਣੀ ਸੁਣਵਾਈ ਲਈ ਗਵਾਹਾਂ ਨੂੰ ਨਾਲ ਲਿਆ ਸਕਦੇ ਹੋ। ਆਰ ਪੀ ਡੀ ਦੇ ਨਿਯਮਾਂ ਅਨੁਸਾਰ, ਤੁਹਾਨੂੰ ਆਪਣੀ ਸੁਣਵਾਈ ਦੀ ਤਾਰੀਖ਼ ਤੋਂ ਘੱਟੋ ਘੱਟ 10 ਦਿਨ ਪਹਿਲਾਂ ਲਿਖਤੀ ਰੂਪ ਵਿੱਚ ਆਰ ਪੀ ਡੀ ਨੂੰ ਗਵਾਹ (ਗਵਾਹਾਂ) ਦਾ ਨਾਮ (ਦੇ ਨਾਮ), ਉਹਨਾਂ ਦੀ ਗਵਾਹੀ ਦਾ ਕਾਰਨ, ਉਹਨਾਂ ਦੀ ਗਵਾਹੀ ਵਿੱਚ ਲੱਗਣ ਵਾਲਾ ਅੰਦਾਜ਼ਨ ਸਮਾਂ, ਗਵਾਹ (ਗਵਾਹਾਂ) ਨਾਲ ਤੁਹਾਡਾ ਰਿਸ਼ਤਾ ਅਤੇ ਜੇ ਉਹਨਾਂ ਨੂੰ ਕਿਸੇ ਦੁਭਾਸ਼ੀਏ ਦੀ ਲੋੜ ਹੈ, ਬਾਰੇ ਸੂਚਿਤ ਕਰਨਾ ਚਾਹੀਦਾ ਹੈ। ਤੁਹਾਨੂੰ ਲਾਜ਼ਮੀ ਤੌਰ 'ਤੇ ਆਪਣੀ ਸੁਣਵਾਈ ਦੀ ਤਾਰੀਖ਼ ਤੋਂ ਘੱਟੋ ਘੱਟ 10 ਦਿਨ ਪਹਿਲਾਂ ਲਿਖਤੀ ਰੂਪ ਵਿੱਚ ਆਰ ਪੀ ਡੀ ਨੂੰ ਸੂਚਿਤ ਕਰਨਾ ਚਾਹੀਦਾ ਹੈ ਕਿ ਗਵਾਹ ਖੁਦ ਹਾਜ਼ਰ ਹੋਣਗੇ ਜਾਂ ਟੈਲੀਫੋਨ ਦੁਆਰਾ ਹਾਜ਼ਰ ਹੋਣਗੇ। ਜੇ ਸੰਭਵ ਹੋਵੇ, ਤਾਂ ਕਿਰਪਾ ਕਰਕੇ ਗਵਾਹ (ਗਵਾਹਾਂ) ਨੂੰ ਟੈਲੀਫੋਨ ਦੁਆਰਾ ਹਾਜ਼ਰ ਕਰਨ ਦਾ ਬੰਦੋਬਸਤ ਕਰੋ।

ਜਦੋਂ ਤੁਹਾਨੂੰ ਨੋਟਿਸ ਮਿਲਦਾ ਹੈ ਤਾਂ ਤੁਹਾਨੂੰ ਆਈ ਆਰ ਬੀ ਦੇ ਸਿਹਤ ਅਤੇ ਸੁਰੱਖਿਆ ਉਪਾਅ ਦੇਖਣ ਦੀ ਲੋੜ ਹੁੰਦੀ ਹੈ।